# ਕਰ ਧਰੇ ਚਕ੍ਰ ਬੈਕੁੰਠ ਤੇ ਆਏ

**ਮੇਰੋ ਬਾਪੁ ਮਾਧਉ ਤੂ ਧਨੁ ਕੇਸੌ ਸਾਂਵਲੀਓ ਬੀਠੁਲਾਇ॥੧॥ਰਹਾਉ॥**

ਇਹ ਸ਼ਬਦ ਭਗਤ ਨਾਮਦੇਵ ਜੀ ਨੇ ਉਚਾਰਣ ਕੀਤਾ ਹੈ ਅਤੇ ਅੰਕ ੯੮੮ ਤੇ ਮਾਲੀ ਗਉੜਾ ਰਾਗ ਦੇ ਸਿਰਲੇਖ ਹੇਠ ਸੁਸ਼ੋਭਤ ਹੈ।

ਇਸ ਸ਼ਬਦ ਵਿਚ ਪਰਮਾਤਮਾ ਦੇ ਭਗਤ-ਵੱਛਲ ਹੋਣ ਦੇ, ਧਰਮ ਦੇ ਇਤਿਹਾਸ ਵਿਚੋਂ, ਕੁਝ ਕੁ ਪਰਮਾਣ ਦਿਤੇ ਗਏ ਹਨ। ਉਹ ਸਮੇਂ ਸਮੇਂ ਤੇ ਆਪਣੇ ਭਗਤਾਂ ਦੀ ਰਖਿਆ ਕਰਦਾ ਅਤੇ ਪੈਜ ਰਖਦਾ ਆਇਆ ਹੈ। ਬਾਣੀ ਵਿਚ ਅਜਿਹੀਆਂ ਕਈ ਸਾਖੀਆਂ ਵੀ ਆਈਆਂ ਹਨ।

ਅਨੇਕਾਂ ਸਮਿਆਂ ਤੇ ਜਦੋਂ ਵੀ ਅਜਿਹੀ ਲੋੜ ਪਈ ਹੈ ਪਰਮਾਤਮਾ ਨੇ ਗੁਰ-ਜੋਤਿ ਰਾਹੀਂ ਇਹ ਕੰਮ ਕੀਤਾ ਹੈ ਸਮੇਂ ਸਮੇਂ ਤੇ ਗੁਰ-ਜੋਤਿ ਦਾ ਪ੍ਰਕਾਸ਼ ਹੁੰਦਾ ਆਇਆ ਹੈ, ਕਦੇ ਜਨਮ ਰਾਹੀਂ ਅਤੇ ਕਦੇ ਜ਼ਾਹਰਾ ਪ੍ਰਗਟ ਹੋ ਕੇ। ਅਜਿਹੀਆਂ ਗਵਾਹੀਆਂ ਗੁਰਬਾਣੀ ਵਿਚ ਥਾਂ ਥਾਂ ਮਿਲਦੀਆਂ ਹਨ। ਇਹ ਗੁਰ-ਜੋਤਿ ਦਾ ਰੂਪ ਹੀ ਪ੍ਰਭੂ ਦਾ ਸਰਗੁਣ ਸਰੂਪ ਹੁੰਦਾ ਹੈ। ਇਹੀ ਨਿਰੰਕਾਰ ਦਾ ਆਕਾਰ ਰੂਪ ਵੀ ਹੁੰਦਾ ਹੈ ਜਿਸ ਨੂੰ ਗੁਰ-ਪਰਮੇਸਰ ਵੀ ਕਿਹਾ ਗਿਆ ਹੈ - 'ਗੁਰ ਪਰਮੇਸਰੁ ਜਾਣੀਐ ਸਚੇ ਸਚਾ ਨਾਉ ਧਰਾਇਆ॥ ਨਿਰੰਕਾਰੁ ਆਕਾਰੁ ਹੋਇ ਏਕੰਕਾਰ ਅਪਾਰੁ ਸਦਾਇਆ॥', ਭਾਈ ਗੁਰਦਾਸ ਜੀ, ਵਾਰ ੨੬:੨.

ਇਹੀ ਗੁਰ-ਜੋਤਿ ਹੀ ਗੁਰ-ਪਰਮੇਸਰ ਕਹਾਉਂਦੀ ਹੈ, ਜਿਸਨੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ ਦਸ ਸਰੂਪ ਧਾਰਣ ਕੀਤੇ। ਇਹ ਸਾਰਾ ਵਰਤਾਰਾ ਕਿਧਰੇ ਨਾ ਕਿਧਰੇ, ਕਿਸੇ ਨਾ ਕਿਸੇ ਅਜਿਹੇ ਰੂਪਾਂ ਦੁਆਰਾ, ਪੁਰਾਤਨ ਕੀਤੇ ਬਚਨਾਂ ਦੀ ਪੂਰਤੀ ਲਈ, ਬਿਧਿ ਬਣਾ ਕੇ ਵਰਤਦਾ ਹੈ। ਗੁਰ ਇਤਿਹਾਸ ਵਿਚ ਵੀ ਇਹ ਵਰਤਾਰਾ ਖ਼ੂਬ ਵਰਤਿਆ ਹੈ।

ਭਗਤ ਨਾਮਦੇਵ ਜੀ ਨੇ ਇਸ ਸ਼ਬਦ ਵਿਚ, ਇਸੇ ਵਰਤਾਰੇ ਦੇ ਹਵਾਲੇ ਦਿਤੇ ਹਨ, ਜਿਥੇ ਪਰਮੇਸਰ ਨੇ, ਗੁਰ-ਜੋਤਿ ਦੇ ਕਿਸੇ ਨਾ ਕਿਸੇ ਰੂਪ ਵਿਚ ਆਕਾਰ ਬਣਾ ਕੇ ਭਗਤ ਵਛਲ ਹੋਣ ਦਾ ਆਪਣਾ ਬਿਰਦ ਪੂਰਿਆ।

-- 'ਰਹਾਉ' ਦੀ ਹੀ ਪਹਿਲੀ ਪੰਕਤੀ ਵਿਚ ਉਹ ਇਸੇ ਗੁਰ-ਜੋਤਿ ਨੂੰ ਆਪਣਾ ਬਾਪ-ਜਨਮ ਦਾਤਾ/ਰਖਿਅਕ/ਪਾਲਕ ਕਹਿੰਦੇ ਹਨ। ਉਸਨੂੰ ਮਾਧਉ, ਭਾਵ, ਮਾਇਆ ਦਾ ਸੁਆਮੀ, ਲੰਮੇ ਕੇਸਾਂ ਵਾਲਾ, ਸਾਂਵਲੇ ਰੰਗ ਵਾਲਾ, **ਬੀਠਲ** ਕਹਿ ਕੇ ਧੰਨ ਕਿਹਾ ਹੈ। ਭਾਵ, ਅਨੇਕਾਂ ਢੰਗ ਨਾਲ ਉਸ ਗੁਰ-ਜੋਤਿ ਦੀ ਉਸਤਤਿ ਕੀਤੀ ਹੈ। ਇਹ ਸਾਰੇ ਨਾਂ, ਸ੍ਰੀ ਰਾਮ ਚੰਦਰ ਜੀ ਅਤੇ/ਜਾਂ ਸ੍ਰੀ ਕ੍ਰਿਸ਼ਨ ਜੀ ਲਈ, ਗੁਰਬਾਣੀ ਵਿਚ ਆਮ ਵਰਤੇ ਗਏ ਹਨ।੧।ਰਹਾਉ। (ਇਹ ਸਾਰੇ ਸਰੂਪ, ਲੰਮੇ ਕੇਸਾਂ ਵਾਲੇ, ਭਾਵ , ਪੂਰਣ ਕੇਸਾਧਾਰੀ ਹੋਏ ਹਨ।)

**ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ॥**

-- ਤੂੰ ਆਪਣੇ ਹਥ ਤੇ ਚਕਰ (ਸੁਦਰਸ਼ਨ) ਧਾਰਣ ਕਰਕੇ ਬੈਕੁੰਠ ਤੋਂ ਆਇਆ

ਅਤੇ ਪੁਕਾਰੂ ਹਾਥੀ ਨੂੰ ਪ੍ਰਾਣਾਂ ਦਾ ਦਾਨ ਵੀ ਦਿਤਾ ਅਤੇ ਉਸ ਦਾ ਉਧਾਰ ਵੀ ਕਰ ਦਿਤਾ।

ਭਾਗਵਤ ਪੁਰਾਣ ਦੇ ਅਠਵੇਂ ਸਕੰਧ ਵਿਚ ਇਹ ਕਥਾ ਆਉਂਦੀ ਹੈ। ਇੰਦ੍ਰਦਿਊਮਨ ਨਾਂ ਦਾ ਇਕ ਧਰਮੀ ਰਾਜਾ ਹੋਇਆ ਜੋ ਗੁਰ-ਜੋਤਿ ਦਾ ਹੀ ਉਪਾਸ਼ਕ ਸੀ। ਅਗਸਤ ਮੁਨੀ ਦੀ ਬੇ-ਅਦਬੀ ਕਰ ਬੈਠਾ। ਫ਼ਲ ਸਰੂਪ ਹਾਥੀ ਦੀ ਜੂਨ ਮਿਲ ਗਈ। ਦੂਜੇ ਬਨੇ, ਹੂਹੂ ਨਾਂ ਦਾ ਇਕ ਗੰਧਰਬ ਰਾਜਾ ਸੀ। ਉਸਨੇ ਦੇਵਾਲਾ ਨਾਂ ਦੇ ਰਿਖੀ ਦੀ, ਮਜ਼ਾਕ ਵਿਚ, ਬੇ-ਅਦਬੀ ਕਰ ਲਈ ਅਤੇ ਮਗਰਮੱਛ ਦੀ ਜੂਨ ਪਿਆ। ਉਸ ਹਾਥੀ ਦੇ ਤਲਾਬ ਦੇ ਕੰਢੇ ਕਲੋਲ ਕਰਦਿਆਂ ਦੀ, ਇਸੇ ਮਗਰਮੱਛ ਨੇ ਲਤ ਫ਼ੜ ਲਈ। ਪੂਰੇ ਜਤਨ ਕਰਕੇ ਵੀ ਛੁਟ ਨਾਂ ਸਕਿਆ ਤਾਂ ਪੁਰਾਣੀ ਜਾਗੀ ਭਗਤੀ ਦੇ ਫ਼ਲ ਨਾਲ ਪ੍ਰਭੂ ਨੂੰ ਪੁਕਾਰ ਕੀਤੀ। ਸਰਾਪ ਦਾ ਸਮਾਂ ਪੂਰਾ ਹੋ ਚੁਕਿਆ ਸੀ। ਚਕਰ ਧਾਰਣ ਕੀਤੇ ਭਗਵਾਨ ਜੀ ਦੀ ਗੁਰ-ਜੋਤਿ ਨੇ, ਸ੍ਰੀ ਕ੍ਰਿਸ਼ਨ ਜੀ ਦੇ ਸਰੂਪ ਵਿਚ ਆ ਕੇ, ਸੁਦਰਸ਼ਨ ਚਕਰ ਨਾਲ ਮਗਰਮੱਛ ਦਾ ਸੰਘਾਰ ਕੀਤਾ। ਗੁਰਦੇਵ ਰਾਹੀਂ ਮੌਤ ਪਾਉਣ ਕਾਰਣ ਉਸਦੀ ਮੁਕਤੀ ਹੋਈ ਅਤੇ ਕ੍ਰਿਪਾ ਦ੍ਰਿਸ਼ਟੀ ਨਾਲ ਹਾਥੀ ਨੂੰ ਵੀ ਜੀਅ ਦਾਨ ਮਿਲਿਆ।

(ਗੁਰ ਇਤਿਹਾਸ ਵਿਚ ਵੀ ਭਾਈ ਮੂਲਾ ਖਤਰੀ ਵਲੋਂ ਪਾਤਸ਼ਾਹ ਦੀ ਅਵੱਗਿਆ ਕਰਕੇ ਚੁਰਾਸੀ ਵਿਚ ਪੈ ਜਾਣ ਦਾ ਬਿਰਤਾਂਤ ਆਇਆ ਹੈ। ਪਰ, ਘਰ ਵਾਲੀ ਵਲੋਂ ਆਪਣੀ ਗ਼ਲਤੀ ਦੀ ਮੁਆਫ਼ੀ ਮੰਗਣ ਤੇ ਦਸਵੇਂ ਜਾਮੇ ਵਿਚ ਆਕੇ ਉਧਾਰ ਕਰਨ ਦਾ, ਮਹਾਰਾਜ ਨੇ, ਬਚਨ ਦੇ ਦਿਤਾ। ਸਮਾਂ ਆਉਣ ਤੇ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਵਕਤ ਸਹੇ ਦੀ ਜੂਨ ਭੋਗ ਰਹੇ ਭਾਈ ਮੂਲਾ ਜੀ ਦਾ ਸ਼ਿਕਾਰ ਕੀਤਾ ਅਤੇ ਉਧਾਰ ਕਰ ਕੇ ਆਪਣਾ ਪੁਰਾਤਨ ਬਚਨ ਪੂਰਾ ਕੀਤਾ। ਇਸੇ ਤਰ੍ਹਾਂ, ਪੁਰਾਣੇ ਬਚਨਾਂ ਅਨੁਸਾਰ ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ ਵੀ ਗੁਰਿਆਈ ਗਦੀ ਮਿਲਣ ਦੀ ਸਾਖੀ ਵੀ ਦਸਵੇਂ ਪਾਤਸ਼ਾਹ ਨੇ, ਬਚਿਤ੍ਰ ਨਾਟਕ ਵਿਚ ਅੰਕਿਤ ਕੀਤੀ ਹੈ - 'ਜਬ ਬਰਦਾਨ ਸਮੈ ਵਹੁ ਆਵਾ॥ ਰਾਮਦਾਸ ਤਬ ਗੁਰੂ ਕਹਾਵਾ॥ ਤਿਹ ਬਰਦਾਨ ਪੁਰਾਤਨ ਦੀਆ॥ ਅਮਰਦਾਸ ਸੁਰਪੁਰਿ ਮਗੁ ਲੀਆ॥' ਇਸੇ ਦਾ ਹਵਾਲਾ ਭਾਈ ਗੁਰਦਾਸ ਜੀ ਵੀ ਦਿੰਦੇ ਹਨ - 'ਦਿਚੈ ਪੂਰਬਿ ਦੇਵਣਾ ਜਿਸਦੀ ਵਸਤੁ ਤਿਸੈ ਘਰਿ ਆਵੈ॥ ਬੈਠਾ ਸੋਢੀ ਪਾਤਸ਼ਾਹੁ ਰਾਮਦਾਸੁ ਸਤਿਗੁਰੂ ਕਹਾਵੈ॥' ਇਹ ਵਰਦਾਨਾਂ ਦਾ ਚਲਨ ਧਰਮ ਦੇ ਇਤਿਹਾਸ ਵਿਚ ਚਲਦਾ ਹੀ ਆਇਆ ਹੈ।

ਹਾਥੀ ਨੂੰ ਜੀਅ ਦਾਨ ਦੀ ਸਾਖੀ ਤੇ ਪੰਜਵੇਂ ਪਾਤਸ਼ਾਹ ਨੇ ਵੀ ਮੋਹਰ ਲਗਾਈ ਹੈ - 'ਗਜਇੰਦ੍ਰ ਧਿਆਇਓ ਹਰਿ ਕੀਓ ਮੋਖ॥', ਪੰਨਾ ੧੧੯੨. ਗੁਰਬਾਣੀ ਵਿਚ, ਹਾਥੀ ਦੇ ਇਸ ਉਧਾਰ ਕਰਣ ਦੇ, ਅਨੇਕਾਂ ਹਵਾਲੇ ਆਏ ਹਨ। ਅਗੋਂ, ਇਸੇ ਗੁਰ-ਜੋਤਿ ਦੁਆਰਾ ਦ੍ਰੋਪਦੀ ਦੀ ਪੱਤ ਦੀ ਰਖਿਆ ਕੀਤੀ ਦਸੀ ਗਈ ਹੈ।

## ਦੂਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ॥

- - ਦੁਆਪਰ ਜੁਗ ਵਿਚ, ਦੁਸ਼ਾਸਨ ਨੇ, ਭਰੀ ਰਾਜ ਸਭਾ ਵਿਚ, ਜਦੋਂ ਦ੍ਰੋਪਦੀ ਦੇ ਬਸਤਰ ਉਤਾਰਨ ਦੀ ਕੋਸ਼ਿਸ ਕੀਤੀ ਤਾਂ ਦ੍ਰੋਪਦੀ ਦੇ ਸਚੇ ਮਨ ਨਾਲ ਸ੍ਰੀ ਕ੍ਰਿਸ਼ਨ ਜੀ, ਸਮੇਂ ਦੀ ਗੁਰ-ਜੋਤਿ, ਨੂੰ ਪੁਕਾਰ ਕਰਨ ਕਰਕੇ ਉਨ੍ਹਾਂ ਨੇ ਉਸ ਦੇ ਬਸਤਰ ਖ਼ਤਮ ਹੀ ਨਹੀਂ ਹੋਣ ਦਿਤੇ। ਇਸ ਤਰ੍ਹਾਂ ਉਸ ਦੀ ਆਬਰੂ ਦੀ ਰਖਿਆ ਕੀਤੀ।੧।

ਦ੍ਰੋਪਦੀ ਦੀ ਅਜਿਹੀ ਰਖਿਆ ਦੇ ਗੁਰਬਾਣੀ ਵਿਚ ਅਨੇਕ ਥਾਂ ਤੇ ਹਵਾਲੇ ਮਿਲਦੇ ਹਨ। ਸ੍ਰੀ ਗੁਰੂ ਅਰਜਨ ਸਾਹਿਬ ਨੇ ਵੀ ਇੰਞ ਗਵਾਹੀ ਭਰੀ ਹੈ - 'ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ॥', ਅੰਕ ੧੧੯੨. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਵੀ, ਅੰਕ ੧੦੦੮ ਤੇ ਇਸ ਸਾਖੀ ਤੇ ਮੋਹਰ ਲਗਾਈ ਹੈ - 'ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥ ਤਾ ਕੋ ਦੂਖੁ ਹਰਿਓ ਕਰੁਣਾਮੈ ਅਪਨੀ ਪੈਜ ਬਢਾਈ॥' ਭਾਈ ਗੁਰਦਾਸ ਜੀ ਨੇ ਵੀ ਆਪਣੀ ੧੦ਵੀਂ ਵਾਰ ਦੀ ੮ਵੀਂ ਪਉੜੀ ਵਿਚ ਇਹ ਸਾਖੀ ਅੰਕਿਤ ਕੀਤੀ ਹੈ ਅਤੇ ਉਪਰੰਤ ਜਦੋਂ ਸ੍ਰੀ ਕ੍ਰਿਸ਼ਨ ਭਗਵਾਨ ਜੀ ਮਿਲੇ ਤਾਂ ਉਨ੍ਹਾਂ ਨੇ ਗਵਾਹੀ ਭਰੀ ਕਿ ਉਨ੍ਹਾਂ ਨੇ ਉਸਦੀ ਪੈਜ ਰਖ ਲਈ ਹੈ। ਇਥੇ ਸ੍ਰੀ ਕ੍ਰਿਸ਼ਨ ਜੀ ਨੂੰ 'ਠਾਕੁਰ' ਕਿਹਾ ਗਿਆ ਹੈ - 'ਅੰਦਰਿ ਸਭਾ ਦੁਸਾਸਣੈ ਮਥੇਵਾਲ ਦ੍ਰੋਪਤੀ ਆਂਦੀ॥...... ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੀ ਸ਼ਰਮਾਂਦੀ॥' ਹਵਾਲੇ ਹੋਰ ਵੀ ਬੇਅੰਤ ਹਨ।

## ਗੋਤਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ॥੧॥

-- ਗੌਤਮ ਰਿਖੀ ਦੀ ਪਤਨੀ ਦਾ, ਇੰਦਰ ਦੇਵਤੇ ਰਾਹੀਂ ਛਲ ਨਾਲ ਸੱਤ ਭੰਗ ਕਰਨ ਤੇ ਜੋ ਅਹਿਲਿਆ, ਰਿਖੀ ਦੇ ਸਰਾਪ ਨਾਲ ਸ਼ਿਲਾ ਬਣੀ ਅਤੇ ਮਾਫ਼ੀ ਮੰਗਣ ਤੇ ਦਇਆ ਦੇ ਘਰ ਆਏ ਰਿਖੀ ਦੇ ਬਚਨ ਸਦਕਾ, ਤ੍ਰੇਤੇ ਜੁਗ ਵਿਚ ਪ੍ਰਗਟੀ ਗੁਰ-ਜੋਤਿ, ਸ੍ਰੀ ਰਾਮ ਚੰਦਰ ਜੀ ਨੇ ਚਰਣਾਂ ਦੀ ਛੋਹ ਦੇ ਕੇ ਉਧਾਰ ਕੀਤਾ। ਇਸੇ ਤਰ੍ਹਾਂ ਹੋਰ ਕਈ ਪਵਿਤਰ ਆਤਮਾਵਾਂ ਦਾ ਉਧਾਰ ਕੀਤਾ।

ਭਗਤ ਨਾਮਦੇਵ ਜੀ ਨੇ ਹੀ ਇਕ ਜਗ੍ਹਾ ਹੋਰ, ਅੰਕ ੮੭੪ ਤੇ, ਇਹ ਹਵਾਲਾ ਦਿਤਾ ਹੈ - 'ਹਰਿ ਹਰਿ ਕਰਤ ਮਿਟੇ ਸਭਿ ਭਰਮਾ॥..... ਗਊਤਮ ਸਤੀ ਸਿਲਾ ਨਿਸਤਰੀ॥' ਭਾਈ ਗੁਰਦਾਸ ਜੀ ਨੇ ਵੀ ਆਪਣੀ ਵਾਰ ੧੦:੧੮ ਵਿਚ ਅੰਕਤ ਕੀਤਾ ਹੈ ਕਿ ਅਹਿਲਿਆ ਜਦੋਂ ਆਪਣੇ ਸੱਤ ਤੋਂ ਹਟ ਗਈ ਤਾਂ ਪਥਰ ਬਣ ਕੇ ਨਦੀ ਕਿਨਾਰੇ ਪੈ ਗਈ। ਜਦੋਂ ਰਘੁਪਤੀ ਸ੍ਰੀ ਰਾਮ ਚੰਦਰ ਜੀ ਦੀ ਚਰਣ ਛੋਹ ਪ੍ਰਾਪਤ ਹੋਈ ਤਾਂ ਬਿਬਾਣ ਤੇ ਚੜ੍ਹ ਕੇ ਪ੍ਰਭੂ ਪੁਰੀ ਚਲੀ ਗਈ - 'ਸਤੀ ਸਤਹੁ ਟਲਿ ਸਿਲਾ ਹੋਇ ਨਦੀ ਕਿਨਾਰੈ ਬਾਝੁ ਪਰਾਣਾ॥ ਰਘੁਪਤਿ ਚਰਣ ਛੁਹੰਦਿਆਂ ਚਲੀ ਸੁਰਗ ਪੁਰਿ ਬਣੇ ਬਿਬਾਣਾ॥'

## ਐਸਾ ਅਧਮੁ ਅਜਾਤਿ ਨਾਮਦੇਉ ਤਉ ਸਰਨਾਗਤਿ ਆਈਅਲੇ॥੨॥੨॥

-- ਭਗਤ ਨਾਮਦੇਵ ਜੀ ਬੇਨਤੀ ਕਰਦੇ ਹਨ ਕਿ ਨਾਮਦੇਵ ਐਸਾ ਅਧਰਮੀ, ਨੀਚ ਜਾਤਿ ਹੈ ਪਰ ਹੇ ਪ੍ਰਭੂ ! ਤੇਰੀ ਸ਼ਰਣ ਆਇਆ ਹੈ, ਤੂੰ ਭਗਤ ਵਛਲ ਹੈਂ, ਸਭ ਨੂੰ ਤਾਰਦਾ ਰਿਹਾ ਹੈਂ, ਮੈਨੂੰ ਵੀ ਤਾਰ।੨।

ਭਗਤ ਕਬੀਰ ਜੀ ਨੇ ਵੀ ਇਸੇ ਤਰ੍ਹਾਂ ਹੀ ਅਰਜੋਈ ਕੀਤੀ ਹੈ ਕਿ ਜਿਵੇਂ ਤੁਸੀਂ ਭਗਤ ਜੈਦੇਵ, ਨਾਮਦੇਵ, ਸੁਦਾਮਾ ਆਦਿ ਤੇ ਅਪਾਰ ਕਿਰਪਾ ਕੀਤੀ ਹੈ, ਤੁਸੀਂ ਸਮਰੱਥ ਦਾਤੇ ਹੋ ਅਤੇ ਚਾਰੇ ਪਦਾਰਥ (ਧਰਮ, ਅਰਥ, ਕਾਮ, ਮੋਖ਼ਸ਼) ਦਿੰਦਿਆ ਵਾਰੀ ਨਹੀਂ ਆਉਣ ਦਿੰਦੇ, ਭਾਵ, ਦੇਰ ਨਹੀ ਲਾਉਂਦੇ, ਮੇਰੇ ਤੇ ਵੀ ਕਿਰਪਾ ਕਰੋ - 'ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ

ਭਈ ਹੈ ਅਪਾਰ॥ ਕਹਿ ਕਬੀਰ ਤੁਮ ਸੰਮ੍ਰਥ ਦਾਤੇ ਚਾਰਿ ਪਦਾਰਥ ਦੇਤ ਨ ਬਾਰ॥'

ਇਸ ਸ਼ਬਦ ਵਿਚ ਸਪੱਸ਼ਟ ਤੌਰ ਤੇ ਕਿਹਾ ਗਿਆ ਹੈ ਕਿ ਉਹੀ ਹਸਤੀ, ਗੁਰ-ਜੋਤਿ ਹੀ ਹੈ ਜਿਸ ਮੇਰਾ ਬਾਪ, ਭਾਵ ਕਰਤਾ ਅਤੇ ਪਾਲਕ ਹੈ, ਜਿਸ ਦੀ ਸਿਫ਼ਤ ਸਲਾਹ ਕੀਤੀ ਜਾਏ, ਜੋ ਲੰਮੇ ਕੇਸਾਂ ਵਾਲਾ ਹੈ, ਉਹੀ ਹਥ ਤੇ ਚਕਰ ਧਾਰਣ ਕਰ ਕੇ ਆਇਆ, ਹਾਥੀ ਦਾ ਉਧਾਰ ਕੀਤਾ, ਉਸੇ ਨੇ ਦੁਹਸ਼ਾਸਨ ਦੀ ਸਭਾ ਵਿਚ ਬੇਪੱਤ ਹੋ ਰਹੀ ਦ੍ਰੋਪਦੀ ਦੀ ਰਖਿਆ ਕੀਤੀ, ਉਸੇ ਨੇ ਹੀ ਗੌਤਮ ਰਿਖੀ ਦੀ ਇਸਤਰੀ ਅਹਲਿਆ ਨੂੰ ਤਾਰਿਆ। ਇਤਿਹਾਸਕ ਤੌਰ ਤੇ ਇਹ ਕੰਮ ਸ੍ਰੀ ਰਾਮ ਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਦੇ ਕੀਤੇ ਦਸੇ ਜਾਂਦੇ ਹਨ। ਸੋ ਸਪਸ਼ਟ ਹੈ ਕਿ ਉਹ ਸਮੇਂ ਸਮੇਂ ਤੇ ਗੁਰ-ਜੋਤਿ ਵਜੋਂ ਪ੍ਰਗਟ ਹੋ ਕੇ ਆਏ ਅਤੇ ਆਉਂਦੇ ਰਹਿੰਦੇ ਹਨ। ਭਗਤ ਨਾਮਦੇਵ ਜੀ ਪ੍ਰਭੂ ਦੀ ਇਸੇ ਗੁਰ-ਜੋਤਿ ਦੀ ਸ਼ਰਣ ਲੈਣਾ ਲੋਚਦੇ ਹਨ। ਭਗਤ ਜੀ ਦੀ ਰਖਿਆ ਵੀ ਉਨ੍ਹਾਂ ਨੇ ਕੀਤੀ ਜਦੋਂ ਉਹ ਵਕਤ ਦੇ ਸੁਲਤਾਨ ਦੀ ਕੈਦ ਵਿਚ ਸਨ ਅਤੇ ਭਗਵਾਨ ਜੀ ਗਰੁੜ ਤੇ ਚੜ੍ਹ ਕੇ ਆ ਗਏ - 'ਪਾਖੰਤਣ ਬਾਜ ਬਜਾਇਲਾ॥ ਗਰੁੜ ਚੜੇ ਗੋਬਿੰਦ ਆਇਲਾ॥ ਅਪਨੇ ਭਗਤ ਪਰਿ ਕੀ ਪ੍ਰਤਿਪਾਲ॥ ਗਰੁੜ ਚੜੇ ਆਏ ਗੋਪਾਲ॥', ਅੰਕ ੧੧੬੬. ਇਸੇ ਗੁਰ-ਜੋਤਿ ਨੇ ਸਮੇਂ ਸਮੇਂ ਤੇ, ਹਰ ਜੁਗ ਵਿਚ ਭਗਤ ਜਨਾਂ ਦੀ ਰਖਿਆ ਕੀਤੀ ਹੈ, ਨਰਸਿੰਘ ਦੇ ਰੂਪ ਵਿਚ ਹਰਨਾਖਸ ਨੂੰ ਮਾਰ ਕੇ ਪ੍ਰਹਿਲਾਦ ਦੀ ਰਖਿਆ ਕੀਤੀ। ਪੰਡਤਾਂ ਦਾ ਦੇਹੁਰਾ ਫੇਰ ਕੇ ਭਗਤ ਨਾਮਦੇਵ ਜੀ ਦੀ ਇਜ਼ਤ ਰਖੀ। ਪ੍ਰਭੂ ਦੀ ਇਸੇ ਜੋਤਿ ਬਾਰੇ ਗੁਰ ਫ਼ੁਰਮਾਣ ਹੈ - 'ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥ ਹਰਨਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦ ਤਰਾਇਆ॥ ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥'